ਮੌੜ ਕੈਂਪਸ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਭਰਪੂਰ ਸਹਿਯੋਗ-ਵਾਈਸ ਚਾਂਸਲਰ

ਮੌੜ ਮੰਡੀ, 19 ਫਰਵਰੀ (ਸ਼ਾਮ ਲਾਲ ਜੋਧਪੁਰੀਆ)-19 ਫਰਵਰੀ 2010 ਨੂੰ ਪੰਜਾਬੀ ਯੂਨੀਵਰਸਿਟੀ ਕੈਂਪਸ ਮੌੜ ਵਿਖੇ ਸ. ਜਸਪਾਲ ਸਿੰਘ ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ ਵੱਲੋਂ ਕੰਪਿਊਟਰ ਲੈਬ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ 'ਤੇ ਪ੍ਰਿੰਸੀਪਲ ਸਾਹਿਬ ਡਾ.ਡੀ.ਕੇ. ਮਦਾਨ ਨੇ ਮੁੱਖ ਮਹਿਮਾਨ ਸ. ਜਸਪਾਲ ਸਿੰਘ ਵਾਈਸ-ਚਾਂਸਲਰ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਦੱਸਿਆ ਕਿ ਇਸ ਪੱਛੜੇ ਇਲਾਕੇ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਆਪਣਾ ਕੈਂਪਸ ਖੋਲ੍ਹ ਕੇ ਵਿਦਿਆਰਥੀ ਖਾਸ ਕਰਕੇ ਲੜਕੀਆਂ ਦੀ ਕਿੱਤਾ-ਮੁੱਖੀ ਸਿੱਖਿਆ ਲਈ ਇੱਕ ਚੰਗਾ ਉਪਰਾਲਾ ਕੀਤਾ ਹੈ। ਫਰਵਰੀ 2009 ਵਿੱਚ ਜਦੋਂ ਪੰਜਾਬੀ ਯੂਨੀਵਰਸਿਟੀ ਨੇ ਇਸ ਸੰਸਥਾ ਨੂੰ ਆਪਣੇ ਹੱਥ ਲਿਆ ਤਾਂ ਉਸ ਸਮੇਂ ਇੱਥੇ ਜੰਗਲ ਵਰਗਾ ਮਾਹੌਲ ਸੀ, ਪ੍ਰੰਤੂ ਯੂਨੀਵਰਸਿਟੀ ਨੇ ਇੱਥੇ ਨਵੀਂ ਇੰਟਰਨੈੱਟ-ਕੰਪਿਊਟਰ ਲੈਬ. ਕੰਨਟੀਨ, ਲਾਇਬ੍ਰੇਰੀ, ਸੈਮੀਨਾਰ ਹਾਲ, ਪੀਣ ਲਈ ਆਰ.ਓ. ਦਾ ਸਾਫ ਪਾਣੀ, ਖੂਬਸੂਰਤ ਲਾਅਣ ਅਤੇ ਬਿਲਡਿੰਗ ਦੀ ਰੈਂਵੋਨੇਸ਼ਨ ਆਦਿ ਦੇ ਵਿਕਾਸ ਕਾਰਜ ਕੀਤੇ ਹਨ। ਇੱਥੇ ਅੰਤਰ-ਰਾਸ਼ਟਰੀ ਪੈਡਾਗੋਜੀ ਦੇ ਅਨੁਸਾਰ ਪੜ੍ਹਾਈ ਕਰਵਾਈ ਜਾਂਦੀ ਹੈ ਤੇ ਕੋਈ ਵੀ ਕਲਾਸ ਵਿਹਲੀ ਨਹੀਂ ਰਹਿੰਦੀ ਹੈ। ਐੱਮ.ਬੀ.ਏ. ਦੇ ਵਿਦਿਆਰਥੀਆਂ ਨੂੰ ਰੋਜਾਨਾ ਮੁਫਤ ਬਿਜਨਸ ਸਟੈਂਡਰਡ ਅਖਬਾਰ ਮੁੱਹਈਆ ਕਰਵਾਇਆ ਜਾਂਦਾ ਹੈ। ਹੁਣ ਇਹ ਕੈਂਪਸ ਆਪਣੀਆਂ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਰਿਹਾ ਹੈ। ਵਾਈਸ-ਚਾਂਸਲਰ ਸਾਹਿਬ ਨੇ ਆਪਣੇ ਸੰਦੇਸ਼ ਵਿੱਚ ਦੱਸਿਆ ਕਿ ਇਸ ਕੰਪਿਊਟਰ ਲੈਬ ਦੀ ਸਥਾਪਨਾ ਸਦਕਾ ਮੌੜ ਕੈਂਪਸ ਪੰਜਾਬੀ ਯੂਨੀਵਰਸਿਟੀ ਵਿੱਚ ਚੱਲ ਰਹੇ ਕੋਰਸ ਐੱਮ.ਬੀ.ਏ. ਐੱਮ.ਸੀ.ਏ., ਐੱਮ.ਐੱਸ.ਸੀ.,ਆਈ.ਟੀ., ਪੀ.ਜੀ.ਡੀ.ਸੀ.ਏ., ਬੀ.ਬੀ.ਏ., ਬੀ.ਸੀ.ਏ. ਦੇ ਵਿਦਿਆਰਥੀਆਂ ਦੀ ਵਿੱਦਿਆ ਨੂੰ ਭਰਪੂਰ ਸਹਿਯੋਗ ਮਿਲੇਗਾ ਅਤੇ ਉਨ੍ਹਾਂ ਨੇ ਇਸ ਕੈਂਪਸ ਦੀ ਕਾਮਯਾਬੀ ਵਿੱਚ ਡਾ. ਮਨਜੀਤ ਸਿੰਘ ਡੀਨ,. ਕਾਲਜ ਵਿਕਾਸ ਕੌਂਸਲ ਅਤੇ ਡਾ. ਡੀ.ਕੇ.ਮਦਾਨ ਪ੍ਰਿੰਸੀਪਲ ਦੇ ਯੋਗਦਾਨ ਦੀ ਸਰਾਹਨਾ ਕੀਤੀ।

ਸੱਜਣ ਕੁਮਾਰ ਦੀ ਗ੍ਰਿਫਤਾਰੀ ਨਾ ਹੋਣਾ ਸੀ.ਬੀ.ਆਈ. ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ?

ਬੁਢਲਾਡਾ, ਬੋਹਾ, 19 ਫਰਵਰੀ (ਕੋਹਲੀ)-ਨਵੰਬਰ 1984 ਦੰਗਾ ਫਸਾਦ ਦੇ ਮੁੱਖ ਦੋਸ਼ੀ ਸਮਝੇ ਜਾਂਦੇ ਚਰਚਿਤ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਅਦਾਲਤ ਵਿੱਚ ਗੈਰ ਜ਼ਮਾਨਤੀ ਵਰੰਟ ਜਾਰੀ ਹੋਣ ਤੋਂ ਬਾਅਦ ਦਿੱਲੀ ਹਾਈ ਕੋਰਟ ਵਿੱਚ ਉਸ ਨੂੰ ਕੋਈ ਰਾਹਤ ਨਾ ਮਿਲਣ ਤੋਂ ਬਾਅਦ ਵੀ ਸੱਜਣ ਕੁਮਾਰ ਤੇ ਉਸ ਦੇ ਸਾਥੀਆਂ ਦੀ ਹੁਣ ਤੱਕ ਗ੍ਰਿਫਤਾਰੀ ਨਾ ਹੋਣਾ ਕੇਂਦਰੀ ਜਾਂਚ ਬਿਓਰੋ (ਸੀ.ਬੀ.ਆਈ.) ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਧਰਮ ਪ੍ਰਚਾਰ ਕਮੇਟੀ ਦੇ ਆਗੂ ਭਾਈ ਕ੍ਰਿਪਾਲ ਸਿੰਘ ਖਾਲਸਾ ਮਹਿੰਦਰ ਸਿੰਘ ਕਾਕੂ ਸਾਬਕਾ ਸਰਪੰਚ, ਹਰਤੇਜ ਸਿੰਘ ਦਈਆਂ ਨੇ ਕੀਤਾ।

ਪੰਜਾਬ ਵਿੱਚ ਸਿੱਖਿਆ ਸੁਧਾਰਾਂ ਤਹਿਤ 13 ਨਵੇਂ ਡਿਗਰੀ ਕਾਲਜ ਤੇ 7 ਪੌਲੀਟੈਕਨਿਕ ਕਾਲਜ ਖੋਲ੍ਹੇ ਜਾਣਗੇ-ਬਾਦਲ

ਕਪੂਰਥਲਾ, 19 ਫਰਵਰੀ (ਵਧਵਾ, ਥਾਪਾ)-ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਸਿੱਖਿਆ ਸੁਧਾਰਾਂ ਤਹਿਤ 13 ਨਵੇਂ ਡਿਗਰੀ ਕਾਲਜ ਅਤੇ 7 ਨਵੇਂ ਪਾਲੀਟੈਕਨਿਕ ਕਾਲਜ ਖੋਲ੍ਹੇ ਜਾ ਰਹੇ ਹਨ। ਇਨ੍ਹਾਂ ਸਾਰੇ ਡਿਗਰੀ ਕਾਲਜਾਂ ਦੀਆਂ ਬਿਲਡਿੰਗਾਂ 8-8 ਕਰੋੜ ਰੁਪਏ ਦੀ ਲਾਗਤ ਨਾਲ ਬਣਾਈਆਂ ਜਾਣਗੀਆਂ ਤੇ ਉਸਾਰੀ ਦੇ ਕੰਮ ਇਸੇ ਮਹੀਨੇ ਸ਼ੁਰੂ ਕਰਵਾਏ ਜਾ ਰਹੇ ਹਨ, ਜਦਕਿ ਨਵੇਂ ਪੋਲੀਟੈਕਨਿਕ ਕਾਲਜਾਂ ਦੀਆਂ ਬਿਲਡਿੰਗਾਂ ਤੇ ਹਰੇਕ 'ਤੇ 12.50 ਕਰੋੜ ਖਰਚ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਦੇ ਪਿੰਡ ਮਿੱਠੜਾ ਵਿਖੇ ਬਣਨ ਵਾਲੇ ਨਵੇਂ ਬੇਬੇ ਨਾਨਕੀ ਸਰਕਾਰੀ ਕਾਲਜ ਮਿੱਠੜਾ ਦੀ ਬਿਲਡਿੰਗ ਦੀ ਉਸਾਰੀ ਸ਼ੁਰੂ ਕਰਨ ਮੌਕੇ ਆਯੋਜਿਤ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਕਾਲਜ ਵਿੱਚ ਸਾਲ 2011 ਵਿੱਚ ਨਵੀਆਂ ਕਲਾਸਾਂ ਸ਼ੁਰੂ ਹੋ ਜਾਣਗੀਆਂ। ਡਾ. ਉਪਿੰਦਰਜੀਤ ਕੌਰ ਸਿੱਖਿਆ ਮੰਤਰੀ ਪੰਜਾਬ ਅਤੇ ਚੌਧਰੀ ਸਵਰਨਾ ਰਾਮ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਪੰਜਾਬ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਦੱਸਿਆ ਕਿ ਮੁਕਾਬਲੇ ਦੇ ਇਸ ਯੁੱਗ ਵਿੱਚ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਉਪਰਾਲਿਆਂ ਤਹਿਤ ਪੰਜਾਬ ਦੇ 55 ਸਰਕਾਰੀ ਕਾਲਜਾਂ ਲਈ ਬੁਨਿਆਦੀ ਸਹੂਲਤਾਂ ਵਾਸਤੇ 325 ਕਰੋੜ ਰੁਪਏ ਦਾ ਐਸਟੀਮੇਟ ਤਿਆਰ ਕੀਤਾ ਗਿਆ ਹੈ ਅਤੇ ਸਰਕਾਰੀ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਇਸ ਸਾਲ 389 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਸਿੱਖਿਆ ਦੇਣ ਦੇ ਯਤਨਾਂ ਤਹਿਤ ਇਸ ਸਾਲ ਪੰਜਾਬ ਦੇ 70 ਹਜ਼ਾਰ ਤੋਂ ਵੀ ਵੱਧ ਵਿਦਿਆਰਥੀ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਸਿੱਖਿਆ ਪ੍ਰਾਪਤ ਕਰਨਗੇ। ਡਾ. ਉਪਿੰਦਰਜੀਤ ਕੌਰ ਸਿੱਖਿਆ ਮੰਤਰੀ ਪੰਜਾਬ ਨੇ ਇਸ ਮੌਕੇ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਅਜ਼ਾਦੀ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ, ਜਦੋਂ ਸਰਕਾਰ ਵੱਲੋਂ ਇੱਕੋ ਵੇਲੇ 29000 ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਗਰੀਬ ਵਿਦਿਆਰਥੀਆਂ ਨੂੰ ਵੀ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਵਿੱਦਿਅਕ ਤੌਰ 'ਤੇ ਪੱਛੜੇ 21 ਬਲਾਕਾਂ ਵਿੱਚ 21 ਨਵੇਂ ਮਾਡਲ ਸਕੂਲ 3-3 ਕਰੋੜ ਦੀ ਲਾਗਤ ਨਾਲ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਬਠਿੰਡਾ ਸੈਂਟਰਲ ਯਨੀਵਰਸਿਟੀ ਵਿੱਚ 4 ਕਲਾਸਾਂ ਸ਼ੁਰੂ ਹੋ ਵੀ ਗਈਆਂ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ 7654 ਹੋਰ ਟੀਚਰਾਂ ਦੀ ਭਰਤੀ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਸ੍ਰੀ ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈੱਡ ਪੰਜਾਬ ਤੇ ਮੈਂਬਰ ਐੱਮ.ਜੀ.ਪੀ.ਸੀ. ਸ੍ਰੀਮਤੀ ਮਹਿੰਦਰ ਕੌਰ ਜੋਸ਼ ਮੁੱਖ ਸੰਸਦੀ ਸਕੱਤਰ ਸਿੱਖਿਆ, ਸ੍ਰੀ ਰਘਬੀਰ ਸਿੰਘ ਸਾਬਕਾ ਮੰਤਰੀ ਤੇ ਪ੍ਰਧਾਨ ਜ਼ਿਲ੍ਹਾ ਸ਼੍ਰੋਮਣੀ ਅਕਾਲੀ ਦਲ ਬਾਦਲ, ਡਾ. ਸੁੱਚਾ ਸਿੰਘ ਚੌਹਾਨ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ, ਸ੍ਰੀ ਰਾਜ ਕਮਲ ਚੌਧਰੀ ਡਿਪਟੀ ਕਮਿਸ਼ਨਰ, ਸ੍ਰੀ ਰਾਮ ਸਿੰਘ ਐੱਸ.ਐੱਸ.ਪੀ. ਕਪੂਰਥਲਾ, ਇੰਜੀਨੀਅਰ ਵਰਿੰਦਰ ਕੁਮਾਰ, ਐਕਸੀਅਨ ਲੋਕ ਨਿਰਮਾਣ ਵਿਭਾਗ, ਇਜੀ. ਸਵਰਨ ਸਿੰਘ, ਸ੍ਰੀ ਟੀ. ਐੱਸ. ਬਿੰਦ ਈ.ਪੀ. ਐੱਸ.ਈ.ਬੀ., ਸ੍ਰੀ ਸੰਤੋਖ ਸਿੰਘ ਖੀਰਾਂਵਾਲੀ, ਮੈਂਬਰ ਐੱਸ.ਜੀ.ਪੀ.ਸੀ., ਸ੍ਰੀ ਪਰਮਜੀਤ ਸਿੰਘ ਐਡਵੋਕੇਟ, ਸ੍ਰੀ ਦਿਨੇਸ਼ ਧੀਰ ਪ੍ਰਧਾਨ ਮਿਊਂਸਪਲ ਕੌਂਸਲ ਸੁਲਤਾਨਪੁਰ ਲੋਧੀ, ਸ੍ਰੀ ਬਲਦੇਵ ਸਿੰਘ ਖੁਰਦਾਂ, ਸ੍ਰੀ ਬਲਦੇਵ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ, ਸ੍ਰੀ ਗੁਰਦੀਪ ਸਿੰਘ ਭਾਗੋਵਾਲੀਆ ਚੇਅਰਮੈਨ ਬਲਾਕ ਸੰਮਤੀ ਸੁਲਤਾਨਪੁਰ ਲੋਧੀ, ਸ੍ਰੀ ਗੁਰਦੀਪ ਸਿੰਘ ਮਿੱਠੜਾ, ਮਾਸਟਰ ਗੁਰਦੇਵ ਸਿੰਘ ਮੈਂਬਰ ਜਨਰਲ ਕੌਂਸਲ, ਸ੍ਰੀ ਰਣਜੀਤ ਸਿੰਘ ਖੋਜੇਵਾਲੀ ਅਤੇ ਸ੍ਰੀ ਮੰਗਤ ਸਿੰਘ ਸੁਖੀਆ ਨੰਗਲ ਵੀ ਇਸ ਮੌਕੇ 'ਤੇ ਹਾਜ਼ਰ ਸਨ।

ਦੇਸ਼ ਦੇ ਸੁਨਿਹਰੀ ਭਵਿੱਖ ਲਈ ਨੌਜਵਾਨਾਂ ਦੀ ਬਾਂਹ ਫੜਨ ਦੀ ਲੋੜ : ਬੱਬੀ ਬਾਦਲ

ਮੋਹਾਲੀ 19 ਫਰਵਰੀ (ਵੀਨਾ ਰਾਜਪੂਤ) ਕਿਸੇ ਵੀ ਦੇਸ਼ ਦੀ ਤਰੱਕੀ ਉਥੋਂ ਦੇ ਨੌਜਵਾਨਾਂ ਦੇ ਸਹਿਯੋਗ ਤੋਂ ਬਿਨ੍ਹਾਂ ਸੰਭਵ ਨਹੀਂ ਪ੍ਰੰਤੂ ਜਿਸ ਦੇਸ਼ ਤੇ ਸੂਬੇ ਦੇ ਨੌਜਵਾਨਾਂ ਦਾ ਭਵਿੱਖ ਹੀ ਸੁਰੱਖਿਆ ਨਾ ਹੋਵੇ ਤਾਂ ਫਿਰ ਉਸ ਦੇਸ਼ ਤੇ ਕੌਮ ਦੇ ਚੰਗੇ ਭਵਿੱਖ ਦੀ ਆਸ ਕਿਵੇਂ ਕੀਤੀ ਸਕਦੀ? ਇਸ ਲਈ ਦੇਸ਼ ਦੇ ਸੁਨਿਹਰੀ ਭਵਿੱਖ ਲਈ ਸਭ ਤੋਂ ਪਹਿਲਾਂ ਨੌਜਵਾਨ ਵਰਗ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਰੋਜ਼ਗਾਰ ਦੇਣ ਦੀ ਲੋੜ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਲ ਇੰਡੀਆ ਯੂਥ ਅਕਾਲੀ ਦਲ ਦੇ ਮੁੱਖ ਬੁਲਾਰੇ ਤੇ ਯੂਥ ਵਿੰਗ ਦੇ ਕੇਂਦਰੀ ਦਫ਼ਤਰ ਇੰਚਾਰਜ ਸ. ਹਰਸੁੱਖਇੰਦਰ ਸਿੰਘ ਬੱਬੀ ਬਾਦਲ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਹੋਏ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਹਾਕਮ ਨੌਜਵਾਨ ਸ਼ਕਤੀ ਨੂੰ

ਭਾਰਤ ਦੇ ਵਿਕਾਸ 'ਚ ਵਰਤਣ ਨੂੰ ਨਾਕਾਮ ਰਹੇ ਹਨ ਤੇ ਇਨ੍ਹਾਂ ਨੇ ਨੌਜਵਾਨਾਂ ਲਈ ਅੱਜ ਅਜਹੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਉਨ੍ਹਾਂ ਨੂੰ ਆਪਣੇ ਸੁਨਹਿਰੇ ਭਵਿੱਖ ਦੀ ਕੋਈ ਆਸ ਬੱਝਦੀ ਨਜ਼ਰ ਨਹੀਂ ਆ ਰਹੀ ਜੋ ਕਿ ਦੇਸ਼ ਦੇ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰ ਨੌਜਵਾਨ ਜਿੱਥੇ ਵਿਦੇਸ਼ੀ ਹੱਥਾਂ ਦੇ ਖਿਡੌਣੇ ਬਣਦੇ ਜਾ ਰਹੇ ਹਨ ਉਥੇ ਉਹ ਨਸ਼ਿਆਂ ਨਾਲ ਵੀ ਜੁੜ ਰਹੇ ਹਨ। ਸ. ਬੱਬੀ ਬਾਦਲ ਨੇ ਕਿਹਾ ਕਿ ਮੁਨਾਫ਼ੇ ਦੀ ਖੇਡ 'ਚ ਸਿੱਖਿਆ ਦੇ ਅਸਲ ਉਦੇਸ਼ ਗੁਆਚ ਗਏ ਹਨ ਤੇ ਸਾਡੀ ਸਿੱਖਿਆ ਪ੍ਰਣਾਲੀ ਵੀ ਸਿਰਫ਼ ਵਿਹਲੜਾਂ ਦੀ ਫ਼ੌਜ ਤਿਆਰ ਕਰਨ ਤੱਕ ਸੀਮਿਤ ਹੋ ਕੇ ਰਹਿ ਗਈ ਹੈ। ਨੌਜਵਾਨ ਆਗੂ ਨੇ ਕਿਹਾ ਕਿ ਅੱਜ ਜੋ ਥੋੜੇ-ਬਹੁਤੇ ਨੌਜਵਾਨ ਰੋਜ਼ਗਾਰ ਤੇ ਲੱਗੇ ਹੋਏ ਵੀ ਹਨ ਉਨ੍ਹਾਂ ਨੂੰ ਕੰਮ ਮੁਤਾਬਕ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਭਾਵ ਠੇਕੇਦਾਰੀ ਪ੍ਰਣਾਲੀ ਰਾਂਹੀ ਬੇਰੁਜਗਾਰੀ ਦਾ ਫਾਇਦਾ ਉਠਾਇਆ ਜਾ ਰਿਹਾ ਹੈ ਜੋ ਕਿ ਨੌਜਵਾਨ ਸ਼ਕਤੀ ਦਾ ਸ਼ੋਸ਼ਣ ਹੈ। ਉਨ੍ਹਾਂ ਕਿਹਾ ਰੁਜ਼ਗਾਰ ਦੇ ਸੰਕਟ 'ਚ ਲੱਖਾਂ ਨੌਜਵਾਨ ਕਈ ਤਰ੍ਹਾਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਵਿਚੋਂ ਗੁਜ਼ਰ ਰਹੇ ਹਨ ਤੇ ਉਨ੍ਹਾਂ ਦੇ ਪਰਿਵਾਰਕ ਅਤੇ ਸਮਾਜਿਕ ਪ੍ਰਬੰਧ ਟੁੱਟਦੇ ਨਜ਼ਰ ਆ ਰਹੇ ਹਨ। ਉਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਭੜਕਾਹਟ 'ਚ ਆ ਕੇ ਬੁਜ਼ਦਿਲੀ ਵਾਲੇ ਕਦਮ ਨਾ ਚੁੱਕਣ, ਸਗੋਂ ਜੋਸ਼ ਦੇ ਨਾਲ-ਨਾਲ ਹੋਸ਼ ਨੂੰ ਵੀ ਕਾਇਮ ਰੱਖਦੇ ਹੋਏ ਸੰਘਰਸ਼ਾਂ ਨਾਲ ਆਪਣੇ ਹੱਕ ਪ੍ਰਾਪਤ ਕਰਨ। ਇਸ ਮੌਕੇ ਉਨ੍ਹਾਂ ਦੇ ਨਾਲ ਵੱਡੀ ਗਿਣਤੀ 'ਚ ਨੌਜਵਾਨ ਹਾਜ਼ਰ ਸਨ। ਬੇਰੁਜ਼ਗਾਰ ਨੌਜਵਾਨ ਜਿੱਥੇ ਵਿਦੇਸ਼ੀ ਹੱਥਾਂ ਦੇ ਖਿਡੌਣੇ ਬਣਦੇ ਹਨ ਉਥੇ ਉਹ ਨਸ਼ਿਆਂ ਨਾਲ ਵੀ ਜੁੜ ਜਾਂਦੇ ਹਨ।

ਤਰੱਕੀ ਪ੍ਰਾਪਤ ਪ੍ਰਿੰਸੀਪਲਾਂ ਨੇ ਆਪਣੇ ਅਹੁਦੇ ਸੰਭਾਲੇ

ਸ਼ਾਹਪੁਰ ਕੰਢੀ19 ਫਰਵਰੀ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਪੰਜਾਬ ਸਰਕਾਰ ਦੇ ਹੁਕਮਾ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪਦਉਨੱਤ ਕੀਤੇ ਗਏ ਪ੍ਰਿੰਸੀਪਲਾਂ ਨੇ ਨੰਗਲ ਇਲਾਕੇ ਦੇ ਵੱਖ ਵੱਖ ਸਕੂਲਾਂ ਵਿੱਚ ਬਤੌਰ ਪ੍ਰਿੰਸੀਪਲ ਆਪਣੇ ਅਹੁਦੇ ਸੰਭਾਲ ਲਏ ਹਨ। ਜਿਨਾਂ ਵਿੱਚ ਸੀਨੀਅਰ ਲੈਕਚਰਾਰ ਰਛਪਾਲ ਸਿੰਘ ਰਾਣਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਭਲਾਣ, ਕੁਲਵੰਤ ਸਿੰਘ ਨੇ ਪਿੰਡ ਵਾਸੋਵਾਲ, ਵਿਜੇ ਕੁਮਾਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਨੰਗਲ ਅਤੇ ਮੈਡਮ ਕੰਚਨ ਵਾਲਾ ਨੇ ਕਥੇੜਾ ਸਕੂਲ ਵਿੱਚ ਆਪਣਾ ਅਹੁਦਾ ਸੰਭਾਲ ਲਿਆ ਹੈ। ਪੰਜਾਬ ਸਰਕਾਰ ਵਲੋਂ ਸੀਨੀਅਰ ਅਧਿਆਪਕਾਂ ਦੀਆਂ ਤਰੱਕੀਆਂ ਹੋਣ ਨਾਲ ਅਧਿਆਪਕ ਯੂਨੀਅਨਾਂ ਦੇ ਪ੍ਰਤੀਨੀਧਾਂ ਨੇ ਪੰਜਾਬ ਸਰਕਾਰ ਦਾ ਜਿਥੇ ਧੰਨਵਾਦ ਕੀਤਾ ਹੈ ਉਥੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਹੈ ਕਿ ਪੰਜਾਬ ਦੇ ਸਾਰੇ ਪ੍ਰਾਇਮਰੀ, ਮਿਡਲ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿੱਚ ਖਾਲੀ ਪਈਆਂ ਅਧਿਆਪਕਾਂ ਅਤੇ ਲੈਕਚਰਾਰਾਂ ਦੀਆਂ ਪੋਸਟਾਂ ਨੂੰ ਨਵੇਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਨਵੀਂ ਭਰਤੀ ਕਰਕੇ ਭਰਿਆ ਜਾਵੇ। ਅਧਿਆਪਕ ਆਗੂਆਂ ਜਿਨਾਂ ਵਿੱਚ ਸਧੀਰ ਸ਼ਰਮਾ, ਅਮਰਜੀਤ ਕੌਰ, ਗੁਰਦੀਪ ਰਾਮ, ਕੁਲਵੰਤ ਕੌਰ, ਸੰਦੀਪ ਸ਼ਰਮਾ, ਮਾਇਆ ਇਸ਼ਵਰ ਦਾਸ, ਸੁਰਿੰਦਰ ਕੌਰ, ਸੰਤੋਸ਼ ਕੁਮਾਰੀ, ਪਰਮਜੀਤ ਕੌਰ, ਰਾਮ ਆਸਰਾ ਆਦਿ ਅਧਿਆਪਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦਾ ਧੰਨਵਾਦ ਕੀਤਾ।

ਗੁਰਬਿੰਦਰ ਸਿੰਘ ਬਾਸੀ ਤਪਾ ਕੋਆਪਰੇਟਿਵ ਖੇਤੀਬਾੜੀ ਸਭਾ ਦੇ ਪ੍ਰਧਾਨ ਨਿਯੁਕਤ

ਤਪਾ ਮੰਡੀ, 19 ਫਰਵਰੀ (ਯਾਦੂ ਭੁੱਲਰ)-ਦੀ ਤਪਾ ਕੋਆਪਰੇਟਿਵ ਖੇਤੀਬਾੜੀ ਸਭਾ ਵਿਖੇ ਅੱਜ ਦਫ਼ਤਰ ਵਿਖੇ ਕਿਸਾਨਾਂ ਨੇ ਮਾਹੌਲ ਮੇਲੇ ਵਰਗਾ ਬਣਾਇਆ ਹੋਇਆ ਸੀ, ਭਾਵੇਂ ਵੋਟਾਂ ਪੈਣ ਦਾ ਸਿਲਸਿਲਾ ਸਵੇਰ ਤੋਂ ਹੀ ਚੱਲ ਰਿਹਾ ਸੀ, ਜਿਸ ਕਾਰਨ ਥੋੜੀਆਂ

ਤਪਾ ਕੋਆਪ੍ਰੇਟਿਵ ਸੁਸਾਇਟੀ ਦੇ ਨਵੇਂ ਚੁਣੇ ਪ੍ਰਧਾਨ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਫੋਟੋ ਯਾਦੂ ਭੁੱਲਰ

ਵੋਟਾਂ ਦੇ ਬਾਵਜੂਦ ਵੀ ਬਾਅਦ ਦੁਪਹਿਰ ਤੱਕ ਇਹ ਸਿਲਸਿਲਾ ਜਾਰੀ ਰਿਹਾ। ਕੁੱਲ 12 ਉਮੀਦਵਾਰ ਚੋਣ ਮੈਦਾਨ ਵਿੱਚ ਨਿਤਰੇ ਹੋਏ ਸਨ ਜਿਨ੍ਹਾਂ ਵਿੱਚੋਂ 9 ਉਮੀਦਵਾਰ ਗੁਰਬਿੰਦਰ ਸਿੰਘ ਬਾਸੀ ਸ਼ਹਿਰੀ ਪ੍ਰਧਾਨ ਅਕਾਲੀ ਦਲ, ਗੁਰਦੀਪ ਸਿੰਘ ਚੱਠਾ, ਮਿੱਤ ਸਿੰਘ ਚੱਠਾ, ਜਗਤਾਰ ਸਿੰਘ ਨੰਬਰਦਾਰ, ਗੁਰਜੰਟ ਸਿੰਘ ਸਿੱਧੂ, ਬੂਟਾ ਸਿੰਘ, ਕੁਲਵੰਤ ਸਿੰਘ ਧਾਲੀਵਾਲ, ਨੰਬਰਦਾਰ ਗੁਰਚਰਨ ਸਿੰਘ, ਜਗਸੀਰ ਸਿੰਘ ਚੁਣੇ ਗਏ, ਜਿਨ੍ਹਾਂ ਵਿੱਚੋਂ 6 ਮੈਂਬਰਾਂ ਨੇ ਸ਼ਹਿਰੀ ਪ੍ਰਧਾਨ ਅਕਾਲੀ ਦਲ ਗੁਰਬਿੰਦਰ ਸਿੰਘ ਬਾਸੀ ਨੂੰ ਤਪਾ ਕੋਆਪਰੇਟਿਵ ਖੇਤੀਬਾੜੀ ਸਭਾ ਦਾ ਪ੍ਰਧਾਨ ਨਿਯੁਕਤ ਕਰ ਲਿਆ ਗਿਆ, ਜਿੱਥੇ ਉਨ੍ਹਾਂ ਦੇ ਗ੍ਰਹਿ ਵਿਖੇ ਸ਼੍ਰੋਮਣੀ ਕਮੇਟੀ ਮੈਂਬਰ ਜੱਥੇਦਾਰ ਬਲਦੇਵ ਸਿੰਘ ਚੂੰਘਾ, ਸਰਪੰਚ ਕੁਲਵੰਤ ਸਿੰਘ ਬੋਘਾ ਪ੍ਰਧਾਨ ਟਰੱਕ ਯੂਨੀਅਨ, ਬੰਟੀ ਦੀਕਸ਼ਤ ਚੇਅਰਮੈਨ ਪਸਵਕ ਕਮੇਟੀ, ਪ੍ਰਧਾਨ ਬਿੰਦਰ ਸਿੰਘ, ਮਹੰਤ ਹੁਕਮ ਦਾਸ ਬਬਲੀ, ਹਰਦੀਪ ਸੇਖੋਂ, ਮਹਿਮਾ ਚੱਠਾ, ਜਥੇਦਾਰ ਰਣਜੀਤ ਸਿੰਘ ਬਾਸੀ ਸਾਬਕਾ ਚੇਅਰਮੈਨ ਸਪਿਨ ਫੈੱਡ, ਦਰਬਾਰਾ ਸਿੰਘ ਪ੍ਰਜਾਪਤ, ਨੰਬਰਦਾਰ ਬਲਵੰਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸਭਾ, ਬਲਜੀਤ ਸਿੰਘ ਵਾਸੀ, ਜਸਵਿੰਦਰ ਸਿੰਘ, ਸਤਿੰਦਰ ਨਿੱਕੂ ਆਦਿ ਵੀ ਹਾਜ਼ਰ ਸਨ।

ਬਾਦਲ ਸਰਕਾਰ 'ਤੇ ਕਾਨੂੰਨ ਅਤੇ ਸੰਵਿਧਾਨ ਦੀ ਉਲੰਘਣਾ ਕਰਨ ਦਾ ਦੋਸ਼

ਅੰਮ੍ਰਿਤਸਰ, 19 ਫਰਵਰੀ (ਮੋਤਾ ਸਿੰਘ)-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਬਾਦਲ ਸਰਕਾਰ ਤੇ ਕਾਨੂੰਨ ਅਤੇ ਸੰਵਿਧਾਨ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ। ਸਥਾਨਿਕ ਸਰਕਟ ਹਾਊਸ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰ. ਮਾਨ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਅਤੇ ਕਾਨੂੰਨ ਸਾਰਿਆਂ ਲਈ ਬਰਾਬਰ ਹੈ। ਪਰ ਉੱਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ 30-30 ਤੋਂ ਵੱਧ ਅਕਾਲੀਆਂ ਦੀਆਂ ਲਿਸਟਾਂ ਭੇਜ ਕੇ ਵਿਸ਼ੇਸ਼ ਕਾਰਡ ਜਾਰੀ ਕਰਨ ਦੇ ਹੁਕਮ ਦਿੱਤੇ ਹਨ, ਜੋ ਕਾਨੂੰਨ ਦੀ ਉਲੰਘਣਾ ਹੈ ਅਤੇ ਇਸ ਨਾਲ ਪੰਜਾਬ ਵਿੱਚ ਗੁੰਡਾਗਰਦੀ ਵਧੇਗੀ। ਸ੍ਰ. ਮਾਨ ਨੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਉਸ ਬਿਆਨ ਨਾਲ ਵੀ ਅਸਹਿਮਤੀ ਪ੍ਰਗਟ ਕੀਤੀ ਹੈ, ਜਿਸ ਵਿੱਚ ਕਸ਼ਮੀਰ ਵਾਂਗ ਸਿੱਖਾਂ ਲਈ ਵੀ ਆਤਮ ਸਮਰਪਣ ਵਿੱਚ ਛੋਟ ਮੰਗੀ ਹੈ। ਸ੍ਰ. ਮਾਨ ਨੇ ਕਿਹਾ ਕਿ ਸਿੱਖ ਕਦੇ ਆਤਮ-ਸਮਰਪਣ ਨਹੀਂ ਕਰਦੇ, ਸਿੱਖ ਤਾਂ ਜਾਂ ਮਾਰੇ ਜਾਂਦੇ ਹਨ ਜਾਂ ਪਕੜੇ ਜਾਂਦੇ ਹਨ। ਸਰਕਾਰ ਦੀ ਆਤਮ-ਸਮਰਪਣ ਦੀ ਅਪੀਲ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਵੀ ਨਹੀਂ ਸੀ ਪ੍ਰਵਾਨ ਕੀਤੀ। ਸ੍ਰ. ਮਾਨ ਨੇ ਹੋਰ ਕਿਹਾ ਕਿ 28 ਫਰਵਰੀ ਨੂੰ ਪਾਰਟੀ ਵੱਲੋਂ ਖਾਲਸਤਾਨ ਦੇ ਮੁੱਦੇ 'ਤੇ ਆਨੰਦਪੁਰ ਸਾਹਿਬ ਵਿਖੇ ਕਾਨਫਰੰਸ ਕੀਤੀ ਜਾਵੇਗੀ ਅਤੇ ਚਿਦੰਬਰਮ ਨੂੰ ਸਿੱਖ ਵਿਰੋਧੀ ਦੱਸਿਆ। ਪਾਰਟੀ ਦੇ ਜਨਰਲ ਸਕੱਤਰ ਭਾਈ ਰਾਮ ਸਿੰਘ ਅਤੇ ਹੋਰ ਆਗੂ ਨੂੰ ਪ੍ਰੈੱਸ ਕਾਨਫਰੰਸ ਵਿੱਚ ਮੌਜੂਦ ਸਨ।

ਕਟਾਣੀ ਕਲਾਂ ਵਿਖੇ ਅੰਤਰਰਾਸ਼ਟਰੀ ਕਬੱਡੀ ਕੱਪ ਅੱਜ

ਕੁਹਾੜਾ 19 ਫ਼ਰਵਰੀ (ਗੁਰਨਾਮ) ਪਿੰਡ ਕਟਾਣੀ ਕਲਾਂ ਵਿਖੇ ਐਨ.ਆਰ.ਆਈ. ਵਿੰਗ ਵਲੋਂ ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ: ਬਹਾਦਰ ਸ: ਕਰਤਾਰ ਸਿੰਘ ਕਟਾਣੀ ਯਾਦਗਾਰੀ ਅੰਤਰਰਾਸ਼ਟਰੀ ਕਬੱਡੀ ਕੱਪ ਦੇ ਮੁਕਾਬਲੇ 21 ਤੇ 22 ਫ਼ਰਵਰੀ ਨੂੰ ਕਰਵਾਏ ਜਾਣ ਦੀਆਂ ਤਿਆਰੀਆਂ ਮੁਕੰਮਲ ਸਬੰਧੀ ਵਿਸੇਸ ਮੀਟਿੰਗ ਹੋਈ। ਜਿਸ ਵਿੱਚ ਕਲੱਬ ਦੇ ਸਰਪ੍ਰਸਤ ਡਾਕਟਰ ਸੁਖਵਿੰਦਰ ਸਿੰਘ ਮਾਂਗਟ, ਚੇਅਰਮੈਨ ਅਵਤਾਰ ਸਿੰਘ ਮਾਂਗਟ, ਕਲੱਬ ਪ੍ਰਧਾਨ ਸ: ਗੁਰਪ੍ਰੀਤ ਸਿੰਘ ਮਾਂਗਟ, ਸੁਖਦੇਵ ਸਿੰਘ ਮਾਂਗਟ, ਸਰਪੰਚ ਮਹਿੰਦਰਪ੍ਰਤਾਪ ਸਿੰਘ ਮਾਂਗਟ, ਜੱਥੇਦਾਰ ਬੰਤ ਸਿੰਘ, ਸੋਹਣ ਸਿੰਘ ਪ੍ਰਧਾਨ ਟੈਕਸੀ ਯੂਨੀਅਨ, ਕਰਨੈਲ ਸਿੰਘ ਵਾਈਸ ਚੇਅਰਮੈਨ, ਰਜਿੰਦਰ ਸਿੰਘ ਕੈਨੇਡਾ, ਅਜਮੇਰ ਸਿੰਘ ਅਮਰੀਕਾ, ਰਾਜ ਭੁਪਿੰਦਰ ਸਿੰਘ ਸੈਕਟਰੀ, ਹਰਮੀਤ ਸਿੰਘ ਖਜਾਨਚੀ, ਭੁਪਿੰਦਰ ਸਿੰਘ, ਹਰਵਿੰਦਰ ਸਿੰਘ ਸੈਕਟਰੀ, ਜੇ.ਪੀ ਸਿੰਘ ਮੀਤ ਪ੍ਰਧਾਨ, ਸੱਤਪਾਲ ਸਿੰਘ ਕਟਾਣੀ , ਗੁਰਮੇਲ ਸਿੰਘ, ਸੂਬੇਦਾਰ ਸ: ਦਲਵਿੰਦਰ ਸਿੰਘ ਬਿੱਲੂ ਮੈਂਬਰ ਪੰਚਾਇਤ, ਦਮਨਪ੍ਰੀਤ ਸਿੰਘ ਪ੍ਰਚਾਰਕ ਸਕੱਤਰ, ਹਰਪ੍ਰੀਤ ਸਿੰਘ, ਕਮਲਜੀਤ ਸਿੰਘ, ਦਲਵੀਰ ਕਟਾਣੀ, ਅਮਨ ਕਟਾਣੀ ਵਿਸ਼ੇਸ਼ ਤੌਰ ਤੇ ਹਾਜਰ ਸਨ। ਇਸ ਕਬੱਡੀ ਕੱਪ 'ਚ 21 ਫ਼ਰਵਰੀ ਨੂੰ ਤਾਸ਼ ਸੀਪ ਮੁਕਾਬਲੇ, ਕਬੱਡੀ ਓਪਨ ਦੇ ਮੁਕਾਬਲੇ ਜਿਸ 'ਚ ਇੱਕ ਖਿਡਾਰੀ ਬਾਹਰਲਾ ਖੇਡ ਸਕਦਾ ਹੈ,ਦੇ ਮੈਚ ਕਰਵਾਏ ਜਾਣਗੇ। 22 ਫ਼ਰਵਰੀ ਨੂੰ ਕਬੱਡੀ ਕੱਪ ਲਈ ਐਠ ਅਕੈਡਮੀਆਂ ਦੇ ਮੁਕਾਬਲੇ ਪੰਜਾਬ ਕਬੱਡੀ ਐਸੋ. ਦੀ ਸਰਪ੍ਰਸਤੀ ਹੇਠ ਕਰਵਾਏ ਜਾਣਗੇ। ਇਨ੍ਹਾਂ ਵਿਚੋਂ ਪਹਿਲਾ ਇਨਾਮ 1 ਲੱਖ ਤੇ ਦੂਜਾ ਇਨਾਮ 75 ਹਜ਼ਾਰ ਰੁਪਏ ਹੋਵੇਗਾ। ਦਰਸ਼ਕਾਂ ਦੇ ਮਨੋਰੰਜਨ ਲਈ ਲੱਖੀ ਬਾਲਿਓ, ਮਿਸ ਸ਼ਾਲੂ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਕਬੱਡੀ ਕਲੱਬ ਨੂੰ ਪਹਿਲਾ ਇਨਾਮ 21 ਹਜਾਰ ਰੁਪਏ ਤੇ ਦੂਜਾ15 ਹਜਾਰ ਰੁਪਏ ਇਨਾਮ ਦਿੱਤਾ ਜਾਵੇਗਾ।

22 ਫ਼ਰਵਰੀ ਨੂੰ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਪੱਪੀ ਖਹਿਰਾ, ਗੁਰਪ੍ਰੀਤ ਸਿੰਘ, ਰਣਜੀਤ ਮਾਂਗਟ ਤੇ ਨਵਜੋਤ ਕੌਰ ਕਟਾਣੀ ਕਲਾਂ ਦੀ ਖਿਡਾਰਣ ਨੂੰ ਹੈਮਰ ਥਰੋ 'ਚ ਪੰਜਾਬ ਵਿੱਚ ਪਹਿਲਾ ਨੰਬਰ ਆਉਣ ਤੇ ਵਿਸ਼ੇਸ ਸਨਮਾਨ ਕੀਤਾ ਜਾਵੇਗਾ। ਆਖਰੀ ਦਿਨ ਇਨਾਮਾਂ ਦੀ ਵੰਡ ਸ: ਅਜਮੇਰ ਸਿੰਘ ਲੱਖੋਵਾਲ ਚੇਅਰਮੈਨ ਮੰਡੀਕਰਨ ਬੋਰਡ ਪੰਜਾਬ, ਸ: ਸ਼ਰਨਜੀਤ ਸਿੰਘ ਢਿੱਲੋਂ ਚੇਅਰਮੈਨ, ਚੇਅਰਮੈਨ ਸੰਤਾ ਸਿੰਘ ਉਮੈਦਪੁਰੀ, ਸ: ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ, ਸੁਖਦੇਵ ਸਿੰਘ ਲਿਬੜਾ ਐਮ.ਪੀ, ਸ: ਦੀਦਾਰ ਸਿੰਘ ਭੱਟੀ ਵਿਧਾਇਕ ਸਰਹਿੰਦ, ਜੱਸੀ ਖੰਗੂੜਾ ਵਿਧਾਇਕ ਕਿਲ੍ਹਾ ਰਾਏਪੁਰ, ਗੁਰਚਰਨ ਸਿੰਘ ਗਾਲਿਬ ਸਾਬਕਾ ਐਮ.ਪੀ ਕਰਨਗੇ। ਰੰਗਾਰੰਗ ਪ੍ਰੋਗਰਾਮ 'ਚ ਉਘੇ ਗਾਇਕ ਪ੍ਰੀਤ ਬਰਾੜ, ਰਿਪੀ ਅਹੂਜਾ ਤੇ ਅੰਗਰੇਜ ਅਲੀ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

ਭੋਲਾ ਸਿੰਘ ਵਿਰਕ ਨੇ ਸੰਭਾਲਿਆ ਚੇਅਰਮੈਨ ਦਾ ਅਹੁਦਾ

ਭਦੌੜ, 19 ਫਰਵਰੀ (ਸੁਰਿੰਦਰ ਬੱਤਾ)-ਮਾਰਕਿਟ ਕਮੇਟੀ ਭਦੌੜ ਦੇ ਚੇਅਰਮੈਨ ਭੋਲਾ ਸਿੰਘ ਵਿਰਕ ਨੇ ਅੱਜ ਅਨਾਜ ਮੰਡੀ ਵਿਖੇ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਕੌਮੀ ਮੀਤ ਪ੍ਰਧਾਨ ਰਜਿੰਦਰ ਸਿੰਘ ਕਾਂਝਲਾ, ਹਲਕਾ ਵਿਧਾਇਕ ਸੰਤ ਬਲਵੀਰ ਸਿੰਘ ਘੁਨੰਸ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਇਸ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਰਜਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਭਾਵੇਂ ਪ੍ਰਮੁੱਖ ਅਦਾਰਿਆਂ ਤੇ ਲਾਏ ਜਾਂਦੇ ਪ੍ਰਮੁੱਖ ਅਹੁਦੇਦਾਰ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਵੱਲੋਂ ਪੜਚੋਲ ਕਰਕੇ ਲਾਏ ਜਾਂਦੇ ਹਨ, ਪ੍ਰੰਤੂ ਮਾਰਕੀਟ ਕਮੇਟੀ ਭਦੌੜ ਦਾ ਚੇਅਰਮੈਨ ਸ. ਸੁਖਦੇਵ ਸਿੰਘ ਢੀਂਡਸਾ ਤੇ ਵਿਧਾਇਕ ਸੰਤ ਬਲਵੀਰ ਸਿੰਘ ਘੁਨੰਸ ਦੀ ਸਿਫਾਰਸ਼ 'ਤੇ ਭੋਲਾ ਸਿੰਘ ਵਿਰਕ ਚੇਅਰਮੈਨ ਲਾ ਕੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਨਿਭਾਈਆਂ ਸੇਵਾਵਾਂ ਦਾ ਫਲ ਦਿੱਤਾ ਹੈ। ਹਲਕਾ ਵਿਧਾਇਕ ਸੰਤ ਬਲਵੀਰ ਸਿੰਘ ਘੁਨੰਸ ਨੇ ਕਿਹਾ ਕਿ ਭੋਲਾ ਸਿੰਘ ਵਿਰਕ ਇੱਕ ਮਿਹਨਤੀ ਇਮਾਨਦਾਰ ਅਤੇ ਪਾਰਟੀ ਦਾ ਵਫਾਦਾਰ ਸਿਪਾਹੀ ਹੈ। ਜਿਸ ਨੇ ਪਾਰਟੀ ਦੀ ਤਰੱਕੀ ਲਈ ਸਿਰ ਤੋੜ ਕੰਮ ਕੀਤਾ। ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਅਜੈ ਕੁਮਾਰ ਨੇ ਕਿਹਾ ਕਿ ਸ. ਵਿਰਕ 'ਤੇ ਸਾਨੂੰ ਉਮੀਦ ਹੈ ਕਿ ਉਹ ਮਾਰਕੀਟ ਕਮੇਟੀ ਨਾਲ ਸੰਬਧਿਤ ਅਦਾਰਿਆਂ ਦੇ ਕੰਮਾਂ ਵਿੱਚ ਪੂਰੀ ਤਰ੍ਹਾਂ ਖਰੇ ਉਤਰਨਗੇ। ਚੇਅਰਮੈਨ ਭੋਲਾ ਸਿੰਘ ਵਿਰਕ ਨੇ ਕਿਹਾ ਕਿ ਭਦੌੜ ਖੇਤਰ ਦੇ ਲੋਕਾਂ ਨਾਲ ਮੇਰਾ ਨਹੁੰ ਮਾਸ ਦਾ ਰਿਸ਼ਤਾ ਹੈ। ਮੈਨੂੰ ਦਿਲੀ ਖੁਸ਼ੀ ਹੈ ਕਿ ਇਸ ਅਹੁਦੇ ਰਾਹੀਂ ਇਨ੍ਹਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਮੇਰੇ ਵੱਲੋਂ ਇਸ 'ਤੇ ਖਰਾ ਉਤਰਨ ਦਾ ਪੂਰਾ ਯਤਨ ਹੋਵੇਗਾ। ਇਸ ਮੌਕੇ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਝੀਤਾ, ਚੇਅਰਮੈਨ ਇੰਦਰਪਾਲ ਸਿੰਘ ਚਹਿਲ, ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਚੂੰਘਾ, ਅਮਰ ਸਿੰਘ ਬੀ.ਏ. ਭਦੌੜ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਸਰਕਲ ਪ੍ਰਧਾਨ ਕਰਮਜੀਤ ਸਿੰਘ ਨੀਟਾ, ਬਲਾਕ ਸੰਮਤੀ ਮੈਂਬਰ ਬੀਰਇੰਦਰ ਸਿੰਘ ਜੈਲਦਾਰ, ਨਗਰ ਕੌਂਸਲ ਦੇ ਪ੍ਰਧਾਨ ਜਸਵੀਰ ਸਿੰਘ ਧੰਮੀ, ਸੀਨੀਅਰ ਅਕਾਲੀ ਆਗੂ ਗੁਰਪਾਲ ਸਿੰਘ ਢੁਡੀਕੇ, ਸੁਰਜੀਤ ਸਿੰਘ ਸੰਘੇੜਾ, ਸਰਪੰਚ ਹਰਬੰਸ ਸਿੰਘ ਢਿੱਲੋਂ, ਸੁਰਜੀਤ ਸਿੰਘ ਬਿੱਲੂ, ਜਰਨੈਲ ਸਿੰਘ ਮਾਨ, ਕੁਲਦੀਪ ਸਿੰਘ ਕੀਪਾ, ਨੈਣੇਵਾਲ ਅੰਗਰੇਜ਼ ਸਿੰਘ ਬਿੰਦਰ, ਮਾ. ਰਣਧੀਰ ਸਿੰਘ, ਗੁਰਮੇਲ ਸਿੰਘ ਗੋਸਲ ਸਰਪੰਚ, ਨਿਰਭੈ ਸਿੰਘ ਪੱਪੂ, ਡਾ. ਗੁਰਮੇਲ ਸਿੰਘ, ਮਾ. ਸੌਦਾਗਰ ਸਿੰਘ, ਸੁਰਿੰਦਰ ਕੁਮਾਰ ਗਰਗ, ਵਪਾਰੀ ਆਗੂ ਵਿਜੈ ਕੁਮਾਰ, ਮਾ. ਮੱਖਣ ਸਿੰਘ ਵਿਰਕ, ਭੋਲਾ ਸਿੰਘ, ਰਾਮ ਸਿੰਘ ਨਾਥੀ ਸਿੰਘ ਆਦਿ ਹਾਜਰ ਸਨ।

ਕਿਸਾਨ ਆਗੂ ਤਖਤੂਪੁਰਾ ਦੀ ਹੱਤਿਆ ਦੀ ਜੋਰਦਾਰ ਨਿਖੇਧੀ

ਕੁਹਾੜਾ 19 ਫਰਵਰੀ (ਗੁਰਨਾਮ) ਬਿਜਲੀ ਮੁਲਾਜਮਾਂ ਦੀ ਜੱਥੇਬੰਦੀ ਟੈਕਨੀਕਲ ਸਰਵਿਸਜ ਯੂਨੀਆਨ (ਰਜਿ) ਦੇ ਸਮਰਾਲਾ ਮੰਡਲ ਦੇ ਪ੍ਰਧਾਨ ਭਰਪੂਰ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਦਿਨੀ ਅਜਨਾਲਾ ਨੇੜੇ ਭਾਰਤੀ ਕਿਸਾਨ ਯੂਨੀਆਨ ਏਕਤਾ ਦੇ ਸੂਬਾਈ ਆਗੂ ਸ਼ਾਥੀ ਸਾਧੂ ਸਿੰਘ ਤਖਤੂਪੁਰਾ ਦੀ ਗੁੰਡਾਂ ਅਨਸਰਾਂ ਵੱਲੋਂ ਸਿਆਸੀ ਤੇ ਪ੍ਰਸ਼ਾਸਨ ਦੀ ਸਹਿ ਤੇ ਕੀਤੀ ਹੱਤਿਆ ਦੀ ਜੋਰਦਾਰ ਨਿਖੇਧੀ ਕੀਤੀ ਗਈ। ਇਸ ਸਬੰਧੀ ਸਬ ਡਵੀਜਨ ਵਿਖੇ ਕੀਤੀ ਮੀਟਿੰਗ ਵਿੱਚ ਹਾਜ਼ਰ ਮੁਲਾਜਮ ਆਗੂਆ ਨੇ ਮੰਗ ਕੀਤੀ ਕਿ ਇਸ ਘਿਨੌਣੀ ਘਟਨਾ ਦੇ ਮੁੱਖ ਦੋਸ਼ੀ ਸਾਬਕਾ ਅਕਾਲੀ ਵਿਧਾਇਕ ਸਮੇਤ ਹੋਰ ਅਕਾਲੀ ਆਗੂਆ ਅਤੇ ਲੋਪੋਕੇ ਦੇ ਦੋਸ਼ੀ ਪੁਲਿਸ ਮੁੱਖੀ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਇਸ ਸਬੰਧੀ ੨੮ ਫਰਵਰੀ ਨੂੰ ਤਖਤੂਪੁਰਾ ਪਿੰਡ ਵਿੱਚ ਹੋ ਰਹੇ ਸ਼ਰਧਾਜਲੀ ਸਮਾਗਮ ਵਿੱਚ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਆਤ ਕੀਤੀ ਜਾਵੇਗੀ।

ਬਿਨਾਂ ਲਾਇਸੈਂਸ ਵੂਲਮਾਰਕ ਮਾਰਕਾ ਵਰਤਣਾ ਕਾਨੂੰਨੀ ਜੁਰਮ

ਲੁਧਿਆਣਾ, 19 ਫਰਵਰੀ (ਰਾਜ ਜੋਸ਼ੀ)-ਆਸਟ੍ਰੇਲੀਅਨ ਵੂਲ ਇਨੋਵੇਸ਼ਨ ਲਿਮ. ਜਿਨ੍ਹਾਂ ਵੱਲੋਂ ਪੂਰੀ ਦੁਨੀਆਂ ਅੰਦਰ ਵੂਲਮਾਰਕ ਬਰਾਂਡ ਰਜਿਸਟਰ ਕੀਤਾ ਹੋਇਆ ਹੈ ਦੀ ਭਾਰਤ ਸਥਿਤ ਕੰਪਨੀ ਵੂਲਮਾਰਕ ਸਰਵਿਸਿਜ਼ ਇੰਡੀਆ ਪ੍ਰਾ. ਲਿਮ. ਦੇ ਅਧਿਕਾਰੀ ਸ੍ਰੀ ਸੁਭਾਸ਼ ਬੈਨਰਜੀ ਨੇ ਇੱਕ ਪ੍ਰੈੱਸ ਮਿਲਣੀ ਵਿੱਚ ਦੱਸਿਆ ਕਿ ਕਾਪੀਰਾਈਟ ਕਾਨੂੰਨ ਤਹਿਤ ਵੂਲਮਾਰਕ ਮਾਰਕੇ ਨੂੰ ਬਿਨਾਂ ਇਸ ਦਾ ਲਾਇਸੈਂਸ ਲਏ ਭਾਰਤ ਵਿੱਚ ਕਿਸੇ ਵੀ ਹੌਜਰੀ ਨੂੰ ਵਰਤਣ ਦੀ ਇਜਾਜਤ ਨਹੀਂ ਹੈ ਤੇ ਜੇ ਕੋਈ ਅਜਿਹਾ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਸਮੇਂ ਕੰਪਨੀ ਦੇ ਵਕੀਲ ਸ. ਸੋਢੀ ਨੇ ਦੱਸਿਆ ਕਿ ਉਨ੍ਹਾਂ ਦੇ ਮੁਅਕਲਾਂ ਵੱਲੋਂ ਵੂਲਮਾਰਕ ਦੀ ਦੁਰਵਰਤੋਂ ਖਿਲਾਫ ਮੁਹਿੰਮ ਜਾਰੀ ਹੈ ਤੇ ਅਸੀਂ ਇਸ ਸਾਲ 5 ਬੰਦਿਆਂ ਉੱਤੇ ਅਦਾਲਤੀ ਕਾਰਵਾਈ ਆਰੰਭੀ ਹੋਈ ਹੈ। ਉਨ੍ਹਾਂ ਪਾਰਟੀਆਂ ਦੇ ਨਾਂਅ ਦੱਸਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਮਾਮਲਾ ਅਦਾਲਤਾਂ ਵਿੱਚ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ 14 ਸਾਲਾਂ ਅੰਦਰ ਕੰਪਨੀ ਦੀ ਟੀਮ ਨੇ 190 ਕੇਸ ਜਾਅਲੀ ਮਾਰਕੇ ਫੜੇ ਸਨ। ਇਸ ਸਮੇਂ ਚਰਨਜੀਤ ਸਿੰਘ ਸ੍ਰੀ ਵੀ.ਬੀ. ਸੋਬਤੀ ਕੇ.ਕੇ. ਨਿਟਵੀਅਰ ਦੇ ਕੇ.ਕੇ. ਗੋਇਲ ਆਦਿ ਵੀ ਹਾਜ਼ਰ ਸਨ।

ਪ੍ਰੈਕਟੀਕਲ ਪ੍ਰੀਖਿਆਵਾਂ 22 ਨੂੰ ਮਿੱਥੇ ਪ੍ਰੋਗਰਾਮ ਅਨੁਸਾਰ ਹੀ ਆਰੰਭ ਹੋਣਗੀਆਂ

ਅੰਮ੍ਰਿਤਸਰ, 19 ਫਰਵਰੀ (ਮੋਤਾ ਸਿੰਘ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ 22 ਫਰਵਰੀ ਨੂੰ ਮਿੱਥੇ ਪ੍ਰੋਗਰਾਮ ਅਨੁਸਾਰ ਹੀ ਆਰੰਭ ਹੋ ਰਹੀਆਂ ਹਨ ਤੇ ਇਨ੍ਹਾਂ ਦੇ ਸੰਚਾਲਨ ਦੀਆਂ ਮਿਤੀਆਂ ਵਿੱਚ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਇੰਦਰਜੀਤ ਸਿੰਘ ਵੱਲੋਂ ਇਨ੍ਹਾਂ ਪ੍ਰੀਖਿਆਵਾਂ ਬਾਰੇ ਪੰਜਾਬ ਅਤੇ ਚੰਡੀਗੜ੍ਹ ਕਾਲਜਾਂ ਦੀ ਨਾਨ-ਟੀਚਿੰਗ ਯੂਨੀਅਨ ਦੇ ਬਾਈਕਾਟ ਦੇ ਮੁੱਦੇ ਨੂੰ ਮੁੱਖ ਰੱਖਦਿਆਂ ਪ੍ਰੈੱਸ ਦੇ ਨਾਂਅ ਜਾਰੀ ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਬੰਧਤ ਕਾਲਜਾਂ ਦੇ ਨਾਨ-ਟੀਚਿੰਗ ਅਮਲੇ ਲਈ ਯੂਨੀਵਰਸਿਟੀ ਕਲੰਡਰ ਦੀ ਜਿਲਦ ਚਾਰ ਦੇ ਆਰਡੀਨੈਂਸ ਪੰਦਰਾਂ (ਇੱਕ) ਮੁਤਾਬਕ ਇਮਤਿਹਾਨ ਲੈਣੇ ਜ਼ਰੂਰੀ ਹਨ। ਯੂਨੀਵਰਸਿਟੀ ਵੱਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਦੇ ਸੰਚਾਲਨ ਦੀਆਂ ਮਿਤੀਆਂ ਵਿੱਚ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਉਨ੍ਹਾਂ ਬਿਆਨ ਵਿੱਚ ਕਿਹਾ ਹੈ ਕਿ ਯੂਨੀਵਰਸਿਟੀ ਵੱਲੋਂ ਇਹ ਇਮਤਿਹਾਨ ਸਮੇਂ ਸਿਰ ਕਰਵਾਉਣ ਲਈ ਇਹ ਜ਼ਿੰਮੇਵਾਰੀ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ ਦਿੱਤੀ ਗਈ ਹੈ, ਜੋ ਕੋਈ ਇਮਤਿਹਾਨ ਲੈਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਡਿਊਟੀ ਤੋਂ ਗੈਰਹਾਜਰ ਸਮਝਿਆ ਜਾਵੇਗਾ ਅਤੇ ਉਨ੍ਹਾਂ ਦੇ ਖਿਲਾਫ ਮੈਨੇਜਿੰਗ ਕਮੀ-ਗਵਰਨਿੰਗ ਕੌਂਸਲ ਅਨੁਸ਼ਾਸਨੀ ਕਾਰਵਾਈ ਕਰ ਸਕਦੀ ਹੈ।

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ

RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

ਕਲਾਸੀਫਾਈਡ

CHANGE OF NAME

I, Narinder Pal S/o Jaswant Singh R/o Vill. Sherpur, P.O. Mansoorpur, Teh. Mukerian, Distt. Hoshiarpur have Changed my name from Narinder Pal to Narinder Pal Singh. All Concerend Please Note.

I, Ruchika D/o Caleb W/o Bharat Duggal R/o Duggal Building Passian Chowk, Phillaur, Distt. Jalandhar PB India have Changed my name from Ruchika to Ruchika Bharat Duggal after my marriage.

I, Sareen Bajwa W/o Jatinder Singh Randhawa R/o Vill. Kot Karam Chand, P.O. Jaura Singha, Teh. Batala, Distt. Gurdaspur have Changed my name After marriage from Sareen Bajwa to Sareen Randhawa. All Concerned Please Note.

I, Ruchi Jasuja D/o Itefaq Rai Jasuja (W/o Sh. Nitin Taneja) R/o 176, Nizatam Nagar, Jalandhar City have Changed my as Ruchi Taneja. All Please Note.

I, Kamaldeep Kaur W/o Parminder Singh R/o Gurudware Wali Gali, Kahnuwan Road, Gurdaspur have Changed my name to Kamaldeep Kaur Ghumman. Concerned Note.

I, Sucha Ram S/o Bachna Ram R/o V.P.O. Nawan Pind Donewal, Teh. Shahkot, Distt. Jalandhar have Changed my name Sucha Ram to Sucha Singh. Please Note.

I, Ashok Kumar S/o Bihari Lal R/o Vill. Sandpur No.1, Talwara, Teh. Mukerian, Distt. Hoshiarpur have Changed my name Ashok Kumar to Ashok Sharma. Please Note.

I, Sonu S/o Late Balvir Singh R/o 4/74, Azad Chowk Banga, Distt. Shahid Bhagat Singh Nagar have Changed my name to Paramjit Singh. Please Note.

I, Mohinder Singh Gill S/o Late Chanan Singh R/o V.P.O. Bahrowal, Distt. Shahid Bhagat Singh Nagar have Changed my name to Mohinder Singh. Please Note.

I, Malkbir Singh S/o Gurmel Singh R/o Jallupur, Khaira, Teh. Baba Bakala, Distt. Amritsar have Changed my name as Malkbir Singh Khaira. Concerned Noted.

I, Parminder Singh S/o Piara Singh R/o Gurudware Wali Gali, Kahnuwan Road, Gurdaspur have Changed my name to Parminder Singh Ghumman. Concerned Note.

I, Parminder Singh S/o Piara Singh R/o Gurudware Wali Gali, Kahnuwan Road, Gurdaspur have Changed my Minor Daughter name from Sabreet Kaur to Sabreet Kaur Ghumman. Concerned Note.

I, Parminder Singh S/o Piara Singh R/o Gurudware Wali Gali, Kahnuwan Road, Gurdaspur have Changed my Minor Son name from Nabreet Singh to Nabreet Singh Ghumman. Concerned Note.

I, Kulbir Singh S/o Gopal Singh R/o Vill. Khan Chapri, P.O. Fatehabad, Teh. Khadur Sahib, Distt. Tarn Taran have Changed my name from Kulbir Singh to Kulbir Singh Bajwa. All Concerned Please Note.

PUBLIC NOTICE

I, Shoba Rani W/o Sh. Yash Pal R/o V.P.O. Tajpur, Distt. Jalandhar Do hereby declare that I am Known also by Kavita Rani. Please Note All Concern.

ਨਾਮ ਦੀ ਬਦਲੀ

ਮੈਂ ਅਸ਼ਵਨੀ ਕੁਮਾਰ ਪੁੱਤਰ ਸਤਪਾਲ ਵਾਸੀ ਪਿੰਡ ਕਾਕੂ ਵਾਲਾ (ਫਿਰੋਜ਼ਪੁਰ) ਨੇ ਆਪਣਾ ਨਾਮ ਬਦਲ ਕੇ ਅਸ਼ਵਨੀ ਕੁਮਾਰ ਗਰੋਵਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਜਗਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਸੁਰ ਸਿੰਘ ਵਾਲਾ (ਫਿਰੋਜ਼ਪੁਰ) ਨੇ ਆਪਣਾ ਨਾਮ ਬਦਲ ਕੇ ਜਗਦੀਪ ਸਿੰਘ ਢਿੱਲੋਂ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਬਖਸ਼ੋ ਪਤਨੀ ਬਲਵੀਰ ਚੰਦ ਵਾਸੀ ਪਿੰਡ ਮੋ ਸਾਹਿਬ ਪੱਤੀ ਸੰਗਨੇਵਾਲ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ ਮੈਂ ਆਪਣਾ ਨਾਮ ਬਖਸ਼ੋ ਤੋਂ ਬਦਲ ਕੇ ਗੁਰਬਖਸ਼ ਕੌਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ ਬਲਵੀਰ ਚੰਦ ਪੁੱਤਰ ਅਜੀਤ ਸਿੰਘ ਵਾਸੀ ਗਲੀ ਨੰ: 2, ਮੁਹੱਲਾ ਭਗਤਪੁਰਾ ਫਗਵਾੜਾ (ਕਪੂਰਥਲਾ) ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਮਨਦੀਪ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਕੇਵਲ ਕ੍ਰਿਸ਼ਨ ਲਾਂਬਾ ਪੁੱਤਰ ਸ੍ਰੀ ਮੇਲਾ ਰਾਮ ਲਾਂਬਾ ਵਾਸੀ 17, ਦਿਲਬਾਗ ਨਗਰ ਜਲੰਧਰ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਿਖਿਲ ਲਾਂਬਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇਕਰ ਅੱਗੇ ਤੋਂ ਕੋਈ ਵੀ ਇਸ ਨਾਲ ਲੈਣ-ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਜੀਤ ਕੌਰ ਪਤਨੀ ਲੇਟ ਤਰਸੇਮ ਲਾਲ ਵਾਸੀ ਪਿੰਡ ਵਡਿਆਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਰਦੇਵ ਸਿੰਘ ਅਤੇ ਉਸ ਦੀ ਪਤਨੀ ਸੁਨੀਤਾ ਦੇਵੀ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਸੋਹਨ ਸਿੰਘ ਪੁੱਤਰ ਬਚਨ ਸਿੰਘ ਵਾਸੀ ਸੁਧਾਰ ਪੱਤੀ ਧਾਲੀਵਾਲ, ਤਹਿ. ਰਾਏਕੋਟ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਗੁਰਦੇਵ ਸਿੰਘ ਪੁੱਤਰ ਕਾਬਲ ਸਿੰਘ ਵਾਸੀ ਮੁਡੀਆਂ ਜੱਟਾਂ, ਤਹਿਸੀਲ+ ਜ਼ਿਲ੍ਹਾ ਹੁਸ਼ਿਆਰਪੁਰ ਆਮ ਜਨਤਾ ਨੂੰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਰਿੰਦਰਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਚੋਂ ਬੇਦਖਲ ਕਰਦਾ ਹਾਂ। ਸਬੰਧਿਤ ਨੋਟ ਕਰਨ।

ਬੇਦਖਲੀ ਵਾਪਸ

ਮੈਂ ਲਾਲ ਚੰਦ ਪੁੱਤਰ ਬਖਸ਼ੀ ਰਾਮ ਵਾਸੀ ਪਿੰਡ ਮੰਡੀ, ਤਹਿਸੀਲ ਫਿਲੌਰ (ਜਲੰਧਰ) ਮੈਂ ਆਪਣੇ ਲੜਕੇ ਬਲਜਿੰਦਰ ਕੁਮਾਰ ਨੂੰ 3-7-2009 ਨੂੰ ਅੱਜ ਦੀ ਆਵਾਜ਼ ਅਖ਼ਬਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਬਲਜਿੰਦਰ ਕੁਮਾਰ ਮੇਰੇ ਕਹਿਣੇ ਵਿੱਚ ਹੈ। ਮੈਂ ਇਸ ਦਾ ਬੇਦਖਲੀ ਨੋਟਿਸ ਵਾਪਸ ਲੈਂਦਾ ਹਾਂ। ਸਬੰਧਤ ਨੋਟ ਕਰਨ।

ਆਮ ਸੂਚਨਾ

ਇੱਕ ਟਿਊਬਵੈੱਲ ਕੁਨੈਕਸ਼ਨ ਲੇਖਾ ਨੰ: H^4-1707 ਜੋ ਕਿ 7.5 BHP ਦਾ ਸਵਰਨੀ ਪਤਨੀ ਤਖਤ ਰਾਮ ਵਾਸੀ ਪੰਡੋਰੀ ਦੇ ਨਾਮ ਤੇ ਚੱਲ ਰਿਹਾ ਹੈ। ਇਸ ਕੁਨੈਕਸ਼ਨ ਨੂੰ ਸਰਬਜੀਤ ਸਿੰਘ ਪੁੱਤਰ ਗੁਰਮੁੱਖ ਸਿੰਘ ਨੇ ਆਪਣੇ ਨਾਮ ਕਰਾਉਣ ਦੀ ਅਰਜੀ ਦਿੱਤੀ ਹੈ। ਇਸ ਸਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਦਿਹਾਤੀ ਉਪ ਮੰਡਲ ਫਗਵਾੜਾ ਵਿੱਚ 10 ਦਿਨਾਂ ਅੰਦਰ ਰਿਪੋਰਟ ਕਰੇ।

ਸਹੀ/-
ਸਹਾਇਕ ਕਾਰਜਕਾਰੀ ਇੰਜੀ:
ਦਿਹਾਤੀ ਉਪ ਮੰਡਲ
ਫਗਵਾੜਾ।

ਇੱਕ 3BHP ਮੋਟਰ ਕੁਨੈਕਸ਼ਨ ਬਿਕਰਮ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਪਿੰਡ ਬੀੜ ਪੁਆਦ ਦੇ ਨਾਮ 'ਤੇ ਚੱਲਦਾ ਹੈ, ਜਿਸ ਨੂੰ ਜਸਵੀਰ ਸਿੰਘ ਪੁੱਤਰ ਬਿਕਰਮ ਸਿੰਘ ਆਪਣੇ ਨਾਮ 'ਤੇ ਕਰਵਾਉਣਾ ਚਾਹੁੰਦਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾ 15 ਦਿਨਾਂ ਦੇ ਅੰਦਰ-ਅੰਦਰ ਐਸ.ਡੀ.ਓ. ਦਿਹਾਤੀ ਉਪ ਮੰਡਲ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਰਿਪੋਰਟ ਕਰੇ।

ਮਲਕੀਤ ਸਿੰਘ ਪੁੱਤਰ ਸੰਪੂਰਨ ਸਿੰਘ ਵਾਸੀ ਪ੍ਰਿਥੀਪੁਰ (ਲੁਧਿਆਣਾ) ਦਾ ਟਿਊਬਵੈੱਲ ਨੰਬਰ AP 78/0042-5BHP ਨੂੰ ਆਪਣੇ ਨਾਉ ਕਰਾਉਣ ਲਈ ਸੁਰਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਪ੍ਰਿਥੀਪੁਰ ਨੇ ਦਫਤਰ ਅਰਜੀ ਦਿੱਤੀ ਹੈ। ਇਤਰਾਜ਼ ਹੋਵੇ 15 ਦਿਨਾਂ ਅੰਦਰ ਐਸ.ਡੀ.ਓ. ਕੁਹਾੜਾ ਨੂੰ ਮਿਲੋ।

ਕਰਮਜੀਤ ਕੌਰ ਪੁੱਤਰੀ ਇੰਦਰ ਸਿੰਘ ਵਾਸੀ ਮੱਲੀਆਂ (ਬਰਨਾਲਾ) ਨੇ ਅਰਜੀ ਦਿੱਤੀ ਹੈ ਕਿ ਇੰਦਰ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਮੱਲੀਆਂ ਦੇ ਨਾਮ ਚਲਦੀ ਮੋਟਰ ਖਾਤਾ ਨੰ: M 94. AP 7‰ ਹਾਸਰ ਪਾਵਰ ਮੇਰੇ ਨਾਮ ਕੀਤੀ ਜਾਵੇ ਇਤਰਾਜ਼ 15 ਦਿਨਾਂ ਅੰਦਰ।

ਸਹੀ/-
ਪੰਜਾਬ ਰਾਜ ਬਿਜਲੀ ਬੋਰਡ
ਐਸ.ਡੀ.ਓ. ਸਹਿਣਾ।

ਪਬਲਿਕ ਨੋਟਿਸ

ਮੈਂ ਬਨਾਰਸੀ ਦਾਸ ਪੁੱਤਰ ਸ੍ਰੀ ਦਾਰਾ ਸਿੰਘ ਵਾਸੀ ਪਿੰਡ ਮੱਲੀਆ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਦਾ ਵਾਸੀ ਹਾਂ। ਮੈਂ ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕਰਦਾ ਹਾਂ ਕਿ ਮੇਰੀ ਨੰਬਰਦਾਰੀ ਦੀ ਮੋਹਰ ਮੇਰੇ ਪਾਸੋ ਮਿਤੀ 10-02-2010 ਨੂੰ ਸਿਵਲ ਕੋਰਟ ਨਕੋਦਰ ਵਿਖੇ ਗੁੰਮ ਹੋ ਗਈ ਹੈ। ਬਹੁਤ ਭਾਲ ਕਰਨ ਤੇ ਵੀ ਮੈਨੂੰ ਇਹ ਨਹੀਂ ਮਿਲੀ ਹੈ। ਜੇ ਕਿਸੇ ਵੀ ਵਿਅਕਤੀ ਨੂੰ ਮਿਲਦੀ ਹੈ ਤਾਂ ਮੈਨੂੰ ਉਪਰੋਕਤ ਪਤੇ 'ਤੇ ਪੱਤਰ ਵਿਹਾਰ ਕਰੇ। ਮੈਂ ਅਤੀ ਧੰਨਵਾਦੀ ਹੋਵਾਂਗਾਂ। ਸਾਰੇ ਸਬੰਧਤ ਵਿਅਕਤੀ ਨੋਟ ਕਰਨ।

CHANGE OF NAME

I, Jagdeep Singh S/o Sukhdev Singh R/o Vill. Jafarwal, Tehsil Shahkot (Jalandhar), have changed my name as Jagdeep Singh Josan. All concerned please note.